# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਨਿਮਰਤਾ ਦੇ ਵਾਕ਼ਿਆਤ ਅਤੇ ਆਪਣੀ ਜਮਾਅਤ ਨੂੰ ਨਿਮਰਤਾ ਇਖ਼ਤਿਆਰ ਕਰਨ ਦੀ ਨਸੀਹਤ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 05 ਜੂਨ 2026 ਈ: ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਿਛਲੇ ਖ਼ੁਤਬੇ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ **ਨਿਮਰਤਾ** ਦੇ ਵਾਕ਼ਿਆਤ ਜਾਂ ਨਸੀਹਤਾਂ ਬਿਆਨ ਕੀਤੀਆਂ ਸਨ। ਅੱਜ ਵੀ ਇਸੇ ਹਵਾਲੇ ਨਾਲ਼ ਕੁੱਝ ਵਾਕ਼ਿਆਤ ਬਿਆਨ ਕਰਾਂਗਾ।

ਹਜ਼ਰਤ ਸ਼ੇਖ਼ ਮੁਹੰਮਦ ਇਸਮਾਈਲ ਸਾਹਿਬ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੇ **ਅਖ਼ਲਾਕ਼** ਦਾ ਇਹ ਹਾਲ ਸੀ ਕਿ ਕਾਦੀਆਂ ਦੇ ਜਿਹੜੇ ਲੋਕ ਹਰ ਵੇਲੇ ਆਪ عليه السلام ਦੇ ਖ਼ਿਲਾਫ਼ ਦੁਸ਼ਮਣੀ ਕਰਨ ਵਿੱਚ ਰੁੱਝੇ ਰਹਿੰਦੇ ਸਨ ਅਤੇ ਕੋਈ ਲਮਹਾ ਨਾ ਛੱਡਦੇ ਸਨ। ਉਹ ਜਦ ਵੀ ਆਪ عليه السلام ਦੇ ਬੂਹੇ 'ਤੇ ਦਸਤਕ ਦਿੰਦੇ, ਆਪ عليه السلام ਨੰਗੇ ਪੈਰੀਂ ਤਸ਼ਰੀਫ਼ ਲਿਆਉਂਦੇ ਅਤੇ ਸਲਾਮ ਦਾ ਜਵਾਬ ਦੇ ਕੇ ਪੁੱਛਦੇ ਕਿ ਤੁਸੀਂ ਚੰਗੇ ਤਾਂ ਹੋ ਅਤੇ ਉਸ ਦੇ ਘਰ ਵਾਲਿਆਂ ਦਾ ਪੁੱਛਦੇ ਅਤੇ ਫ਼ਰਮਾਉਂਦੇ ਕਿਵੇਂ ਆਏ ਹੋ? ਫਿਰ ਉਹ ਜੋ ਵੀ **ਲੋੜ** ਪੇਸ਼ ਕਰਦਾ ਤਾਂ ਆਪ عليه السلام ਪੁੱਛਦੇ ਕਿ ਕਿੰਨੀ ਲੋੜ ਹੈ ਅਤੇ ਉਨ੍ਹਾਂ ਦੀ ਲੋੜ ਤੋਂ ਜ਼ਿਆਦਾ ਲਿਆ ਕੇ ਦਿੰਦੇ।

ਹਜ਼ਰਤ ਮੌਲਵੀ ਸ਼ੇਰ ਅਲੀ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਇੱਕ ਵਾਰ ਦੱਸਿਆ ਕਿ ਮੀਰਾਂ ਬਖ਼ਸ਼ ਸ਼ੁਦਾਈ ਇੱਕ ਪਾਗਲ ਸ਼ਖ਼ਸ ਸੀ। ਉਸ ਨੇ ਇੱਕ ਵਾਰ ਹਜ਼ੂਰ عليه السلام ਨੂੰ ਵੱਡੀ ਮਸਜਿਦ 'ਚੋਂ ਆਉਂਦੇ ਹੋਏ ਬੜੀ **ਬਦ-ਤਮੀਜ਼ੀ** ਨਾਲ਼ ਬੁਲਾਇਆ ਅਤੇ ਪੈਸੇ ਮੰਗੇ। ਆਪ عليه السلام ਨੇ ਆਪਣੇ ਰੁਮਾਲ 'ਚੋਂ ਚਾਰ ਜਾਂ ਅੱਠ ਆਨੇ ਕੱਢ ਕੇ ਉਸ ਨੂੰ ਦੇ ਦਿੱਤੇ ਅਤੇ ਉਹ ਖ਼ੁਸ਼ ਹੋ ਕੇ ਚਲਿਆ ਗਿਆ। ਹਜ਼ਰਤ ਮਾਸਟਰ ਨਜ਼ੀਰ ਹੁਸੈਨ ਸਾਹਬ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮੈਂ ਜਦ ਕਦੀ ਵੀ ਆਪਣੇ ਵਾਲਿਦ ਸਾਹਿਬ ਦੇ ਨਾਲ਼ ਕਾਦੀਆਂ ਹਜ਼ੂਰ عليه السلام ਦੇ ਕੋਲ਼ ਆਇਆ। ਹਜ਼ੂਰ عليه السلام ਨੂੰ ਸੂਚਨਾ ਦਿੱਤੀ ਗਈ ਕਿ ਹਕੀਮ ਮਰਹਮਿ ਈਸਾ ਸਾਹਿਬ ਰਜ਼ਿ ਅੱਲਾਹੁ ਅਨਹੁ ਆਏ ਹਨ ਤਾਂ ਮੈਂ ਹਮੇਸ਼ਾ ਇਹੀ ਦੇਖਿਆ ਕਿ ਪਤਾ ਲੱਗਦੇ ਹੀ ਆਪ عليه السلام ਫ਼ੌਰਨ ਤਸ਼ਰੀਫ਼ ਲੈ ਆਉਂਦੇ ਅਤੇ ਖ਼ੁਦ ਕੁੱਝ ਨਾ ਕੁੱਝ ਖਾਣ ਦੇ ਲਈ ਪੇਸ਼ ਕਰਦੇ। ਹਜ਼ੂਰ عليه السلام ਅਜਿਹੀ **ਸਾਦਗੀ** ਨਾਲ਼ ਮਹਿਮਾਨਾਂ ਨੂੰ ਮਿਲਿਆ ਕਰਦੇ ਸਨ ਕਿ ਮੈਂ ਕਈ ਵਾਰ ਹਜ਼ੂਰ عليه السلام ਨੂੰ ਅਜਿਹੀ ਹਾਲਤ ਵਿੱਚ ਦੇਖਿਆ ਕਿ ਹਜ਼ੂਰ عليه السلام ਦੇ ਹੱਥ ਵਿੱਚ **ਕ਼ਲਮ** ਹੁੰਦੀ ਅਤੇ ਕਈ ਵਾਰ ਸਾਡੇ ਨਾਲ਼ ਨੰਗੇ ਪੈਰੀਂ ਮਿਲਣ ਲਈ ਤਸ਼ਰੀਫ਼ ਲੈ ਆਉਂਦੇ ਯਾਨੀ ਜਿਸ ਹਾਲਤ ਵਿੱਚ ਅੰਦਰ ਤਸ਼ਰੀਫ਼ ਰੱਖਦੇ ਸਨ ਉਵੇਂ ਹੀ ਆ ਜਾਂਦੇ।

ਹਜ਼ਰਤ ਮੁਫ਼ਤੀ ਮੁਹੰਮਦ ਸਾਦਿਕ਼ ਸਾਹਿਬ ਰਜ਼ਿ ਅੱਲਾਹੁ ਅਨਹੁ ਕਹਿੰਦੇ ਹਨ ਕਿ ਇੱਕ ਵਾਰ ਮੈਂ ਲਾਹੌਰ ਤੋਂ ਕਾਦੀਆਂ ਆਇਆ ਹੋਇਆ ਸੀ। ਹਜ਼ੂਰ عليه السلام ਨੇ ਮੈਨੂੰ ਮਸਜਿਦ ਮੁਬਾਰਕ ਵਿੱਚ ਬਿਠਾਇਆ ਅਤੇ ਫ਼ਰਮਾਇਆ ਬੈਠੋ,

ਮੈਂ ਖਾਣਾ ਲੈ ਕੇ ਆਉਂਦਾ ਹਾਂ। ਫਿਰ ਕੁੱਝ ਮਿੰਟ ਬਾਅਦ ਖ਼ੁਦ ਇੱਕ ਵੱਡੀ **ਪਲੇਟ** ਵਿੱਚ ਖਾਣਾ ਲੈ ਕੇ ਤਸ਼ਰੀਫ਼ ਲਿਆਏ। ਫਿਰ ਫ਼ਰਮਾਇਆ ਤੁਸੀਂ ਖਾਓ, ਮੈਂ ਪਾਣੀ ਲਿਆਉਂਦਾ ਹਾਂ। ਮੁਫ਼ਤੀ ਸਾਹਿਬ ਰਜ਼ਿ ਅੱਲਾਹੁ ਅਨਹੁ ਕਹਿੰਦੇ ਹਨ ਕਿ ਬੇ-ਇਖ਼ਤਿਆਰ ਮੇਰੀਆਂ ਅੱਖਾਂ ਚੋਂ **ਅੱਥਰੂ** ਨਿਕਲ਼ ਆਏ।

ਹਜ਼ਰਤ ਮੁਨਸ਼ੀ ਜ਼ਫ਼ਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਹਜ਼ੂਰ ﵇ ਕਦੀ ਬੂਹਾ ਖੋਲ੍ਹ ਕੇ ਨਹੀਂ ਬੈਠਦੇ ਸਨ ਯਾਨੀ ਬੂਹੇ ਨੂੰ ਬੰਦ ਕਰਕੇ ਬੈਠਦੇ ਸਨ। ਕਹਿੰਦੇ ਹਨ ਮੈਂ ਹਜ਼ੂਰ ﵇ ਦੇ ਕੋਲ਼ ਬੈਠਾ ਸੀ ਕਿ ਥੋੜੀ ਥੋੜੀ ਦੇਰ ਬਾਅਦ ਹਜ਼ਰਤ ਸਾਹਿਬਜ਼ਾਦਾ ਮੀਆਂ ਮਹਿਮੂਦ ਅਹਮਦ ਸਾਹਿਬ ਕਹਿੰਦੇ ਅੱਬਾ ਕੁੰਡਾ ਖੋਲ੍ਹ। ਆਪ ﵇ ਫ਼ੌਰਨ ਉੱਠ ਕੇ ਖੋਲ੍ਹ ਦਿੰਦੇ। ਇੱਕ ਵਾਰ ਮੈਂ ਖ਼ਿਦਮਤ ਵਿੱਚ ਹਾਜ਼ਿਰ ਹੋਇਆ। ਹਜ਼ੂਰ ﵇ **ਬੋਰੀਏ** ‘ਤੇ ਬੈਠੇ ਹੋਏ ਸਨ। ਮੈਨੂੰ ਦੇਖ ਕੇ ਆਪ ﵇ ਨੇ **ਪਲੰਘ** ਚੁੱਕਿਆ ਅਤੇ ਅੰਦਰ ਲੈ ਗਏ। ਮੈਂ ਕਿਹਾ ਕਿ ਮੈਂ ਚੁੱਕ ਲੈਂਦਾ ਹਾਂ। ਆਪ ﵇ ਫ਼ਰਮਾਉਣ ਲੱਗੇ ਕਿ ਭਾਰਾ ਜ਼ਿਆਦਾ ਹੈ, ਤੁਹਾਡੇ ਕੋਲੋਂ ਨਹੀਂ ਚੁੱਕਿਆ ਜਾਣਾ। ਅੰਦਰ ਪਲੰਘ ਵਿਛਾ ਕੇ ਕਿਹਾ ਕਿ ਆਪ ਇਸ ‘ਤੇ ਬੈਠ ਜਾਓ, ਮੈਨੂੰ ਥੱਲੇ ਆਰਾਮ ਹੈ, ਮੈਂ ਥੱਲੇ ਬੈਠਾਂਗਾ। ਮੈਨੂੰ ਪਿਆਸ ਲੱਗੀ ਤਾਂ ਕਿਹਾ ਮੈਂ ਅੰਦਰੋਂ ਗਲਾਸ ਲਿਆਉਂਦਾ ਹਾਂ। ਫਿਰ ਅੰਦਰੋਂ ਸ਼ਰਬਤ ਦੀਆਂ ਦੋ ਬੋਤਲਾਂ ਲੈ ਆਏ ਜਿਹੜੀਆਂ ਕਿਸੇ ਨੇ ਮਨੀਪੁਰ ਤੋਂ ਭੇਜੀਆਂ ਸਨ। ਫ਼ਰਮਾਇਆ: ਇਨ੍ਹਾਂ ਬੋਤਲਾਂ ਨੂੰ ਰੱਖੇ ਹੋਏ ਬਹੁਤ ਦਿਨ ਹੋ ਗਏ ਸਨ ਕਿਉਂਕਿ ਮੈਂ ਨੀਅਤ ਕੀਤੀ ਸੀ ਕਿ ਪਹਿਲਾਂ ਕਿਸੇ ਦੋਸਤ ਨੂੰ ਬੁਲਾ ਕੇ ਪਿਆਵਾਂਗਾ ਫਿਰ ਖ਼ੁਦ ਪੀਵਾਂਗਾ। ਮੈਨੂੰ ਇੱਕ ਗਿਲਾਸ ਬਣਾ ਕੇ ਦਿੱਤਾ। ਮੈਂ ਕਿਹਾ ਕਿ ਪਹਿਲਾਂ ਹਜ਼ੂਰ ﵇ ਇਸ ਵਿੱਚੋਂ ਥੋੜਾ ਪੀ ਲੈਣ। ਆਪ ﵇ ਨੇ ਇੱਕ ਘੁੱਟ ਪੀਤਾ। ਮੈਂ **ਸ਼ਰਬਤ** ਦੀ ਤਾਰੀਫ਼ ਕੀਤੀ। ਆਪ ﵇ ਨੇ ਫ਼ਰਮਾਇਆ: ਇੱਕ ਬੋਤਲ ਤੁਸੀਂ ਲੈ ਲਵੋ ਅਤੇ ਦੂਸਰੀ ਬੋਤਲ ਬਾਹਰ ਮਹਿਮਾਨਾਂ ਨੂੰ ਪਿਆ ਦਿਓ।

ਇੱਕ ਵਾਰ ਲਾਹੌਰ ਤੋਂ ਕੁੱਝ ਲੋਕ ਜਿਨ੍ਹਾਂ ਵਿੱਚ ਡਾਕਟਰ ਅੱਲਾਮਾ ਇਕ਼ਬਾਲ ਅਤੇ ਸਰ ਸ਼ਹਾਬੁੱਦ੍ ਦੀਨ ਵਗ਼ੈਰਾ ਵੀ ਸ਼ਾਮਿਲ ਸਨ, ਹਜ਼ੂਰ ﵇ ਨਾਲ਼ **ਮੁਲਾਕ਼ਾਤ** ਦੇ ਲਈ ਆਏ। ਇਸ ਮੁਲਾਕ਼ਾਤ ਦੇ ਬਾਰੇ ਹਜ਼ਰਤ ਬਾਬੂ ਗ਼ੁਲਾਮ ਮੁਹੰਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਰਾਤ ਨੂੰ ਖਾਣਾ ਖਾਣ ਦੇ ਬਾਅਦ ਜਦ **ਮੰਜੀਆਂ** ਵੰਡੀਆਂ ਗਈਆਂ ਤਾਂ ਮੈਂ **ਮਜ਼ਬੂਤ** ਅਤੇ **ਵੱਡੀ** ਮੰਜੀ ਲੈ ਲਈ ਪਰ ਚੌਧਰੀ ਸ਼ਹਾਬੁੱਦ੍ ਦੀਨ ਸਾਹਿਬ ਨੇ ਮੇਰੀ ਮੰਜੀ ‘ਤੇ ਕ਼ਬਜ਼ਾ ਕਰ ਲਿਆ। ਹਜ਼ੂਰ ﵇ ਤਸ਼ਰੀਫ਼ ਲਿਆਏ। ਹਰ ਇੱਕ ਕੋਲੋਂ ਪੁੱਛਿਆ ਕਿ ਤੁਹਾਨੂੰ ਕੋਈ ਤਕਲੀਫ਼ ਤਾਂ ਨਹੀਂ। ਹਰ ਸ਼ਖ਼ਸ ਨੇ ਕਿਹਾ ਕਿ ਹਜ਼ੂਰ ﵇ ਮੈਨੂੰ ਕੋਈ ਤਕਲੀਫ਼ ਨਹੀਂ। ਜਦ ਮੇਰੇ ਕੋਲ਼ ਪਹੁੰਚੇ ਤਾਂ ਮੈਂ ਪਰੇਸ਼ਾਨ ਖੜਾ ਸੀ ਕਿਉਂਕਿ ਮੇਰੀ ਮੰਜੀ ‘ਤੇ ਸ਼ਹਾਬੁੱਦ੍ ਦੀਨ ਸਾਹਿਬ ਕ਼ਬਜ਼ਾ ਕਰ ਚੁੱਕੇ ਸਨ। ਮੈਨੂੰ ਦੇਖ ਕੇ ਫ਼ਰਮਾਇਆ ਕਿ ਠਹਿਰੋ ਮੈਂ ਤੁਹਾਡੇ ਲਈ ਅੰਦਰੋਂ ਮੰਜੀ ਲਿਆਉਂਦਾ ਹਾਂ। ਕਾਫ਼ੀ ਦੇਰ ਹੋ ਗਈ, ਕੋਈ ਨਾ ਆਇਆ ਤਾਂ ਮੈਂ ਅੰਦਰ **ਝਾਤੀ** ਮਾਰ ਕੇ ਦੇਖਿਆ ਕਿ ਇੱਕ ਆਦਮੀ ਛੇਤੀ ਛੇਤੀ ਮੰਜੀ ਬੁਣ ਰਿਹਾ ਹੈ ਅਤੇ ਹਜ਼ੂਰ ﵇ ਉਸ ਦੇ ਸਿਰ ‘ਤੇ **ਦੀਵਾ** ਲੈ ਕੇ ਬੈਠੇ ਹਨ। ਹਜ਼ੂਰ ﵇ ਦੀ ਇਹ ਹਾਲਤ ਦੇਖ ਕੇ ਮੈਨੂੰ ਬਹੁਤ ਸ਼ਰਮ ਆਈ। ਮੈਂ ਅਰਜ਼ ਕੀਤਾ ਕਿ ਹਜ਼ੂਰ ﵇! ਦੀਵਾ ਮੈਨੂੰ ਫੜਾ ਦਿਓ। ਹਜ਼ੂਰ ﵇ ਨੇ ਫ਼ਰਮਾਇਆ ਕਿ ਹੁਣ ਤਾਂ ਇੱਕ ਹੀ **ਫੇਰਾ** ਬਾਕ਼ੀ ਹੈ। ਹਜ਼ੂਰ ਦੇ ਇਹ ਅਖ਼ਲਾਕ਼ ਦੇਖ ਕੇ ਮੇਰੇ ‘ਤੇ ਇੰਨਾ ਅਸਰ ਹੋਇਆ ਕਿ ਮੇਰੇ ਅੱਥਰੂ ਨਿਕਲ਼ ਆਏ।

ਹਜ਼ਰਤ ਮੌਲਵੀ ਅਬਦੁਲ ਕਰੀਮ ਸਾਹਿਬ ਸਿਆਲਕੋਟੀ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਤਕ਼ਰੀਬਨ 1896 ਈ: ਦੀ ਗੱਲ ਹੈ। ਜੂਨ ਦਾ ਮਹੀਨਾ ਸੀ ਅਤੇ **ਮਕਾਨ** ਅੰਦਰੋਂ ਨਵਾਂ ਨਵਾਂ ਬਣਿਆ ਸੀ। ਦੁਪਹਿਰ ਦੇ ਵੇਲ਼ੇ ਉੱਥੇ **ਮੰਜੀ** ਵਿਛੀ ਹੋਈ ਸੀ। ਮੈਂ ਉੱਥੇ ਲੰਮੇ ਪੈ ਗਿਆ। ਹਜ਼ੂਰ ﵇ ਟਹਿਲ ਰਹੇ ਸਨ। ਮੈਂ **ਜਾਗਿਆ** ਤਾਂ ਦੇਖਿਆ ਹਜ਼ੂਰ ﵇ ਮੰਜੀ ਦੇ ਥੱਲੇ ਲੰਮੇ ਪਏ ਹੋਏ ਹਨ। ਮੈਂ ਅਦਬ ਨਾਲ਼ ਘਬਰਾ ਕੇ ਉੱਠ ਬੈਠਾ। ਆਪ ﵇ ਨੇ ਫ਼ਰਮਾਇਆ ਕਿ ਕਿਉਂ ਉੱਠੇ ਹੋ। ਮੈਂ ਅਰਜ਼ ਕੀਤਾ ਕਿ ਤੁਸੀਂ ਥੱਲੇ ਲੇਟੇ ਹੋਏ ਹੋ, ਮੈਂ ਉਪਰ ਕਿਵੇਂ ਸੁੱਤਾ ਰਹਾਂ! ਮੁਸਕੁਰਾ ਕੇ ਫ਼ਰਮਾਇਆ: ਮੈਂ ਤਾਂ ਤੁਹਾਡਾ **ਪਹਿਰਾ** ਦੇ ਰਿਹਾ ਹਾਂ। ਮੁੰਡੇ ਸ਼ੋਰ ਕਰਦੇ ਹਨ, ਉਨ੍ਹਾਂ ਨੂੰ ਰੋਕਦਾ ਸੀ ਕਿ ਤੁਹਾਡੀ ਨੀਂਦ ਨਾ ਖ਼ਰਾਬ ਹੋਵੇ।

ਹਜ਼ਰਤ ਮੁਨਸ਼ੀ ਇਮਾਮ ਦੀਨ ਸਾਹਿਬ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ 1894 ਈ: ਵਿੱਚ ਮੈਂ ਹਜ਼ੂਰ ﵇ ਦੇ ਮੁਬਾਰਕ ਹੱਥ ‘ਤੇ **ਬੈਅਤ** ਕੀਤੀ। ਸ਼ਾਮ ਦੀ ਨਮਾਜ਼ ਵਿੱਚ ਹਜ਼ਰਤ ਮੁੰਸ਼ੀ ਅਬਦੁਲ ਅਜ਼ੀਜ਼ ਸਾਹਿਬ ਰਜ਼ਿ ਅੱਲਾਹੁ ਅਨਹੁ ਮੇਰੇ ਨਾਲ਼ ਸਨ। ਨਮਾਜ਼ ਦੇ ਬਾਅਦ ਮੁਨਸ਼ੀ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਮੇਰੇ ਵੱਲ ਇਸ਼ਾਰਾ ਕਰਕੇ

ਹਜ਼ੂਰ علیہ السلام ਦੀ ਖ਼ਿਦਮਤ ਵਿੱਚ ਅਰਜ਼ ਕੀਤਾ ਕਿ ਹਜ਼ੂਰ علیہ السلام! ਇਨ੍ਹਾਂ ਦੀ ਬੈਅਤ ਲੈ ਲਵੋ। ਹਜ਼ੂਰ علیہ السلام ਨੇ ਫ਼ਰਮਾਇਆ: ਅੰਦਰ ਆ ਜਾਓ। ਮੈਂ ਅੰਦਰ **ਬੈਤੁਲ ਫ਼ਿਕ੍ਰ** ਵਿੱਚ ਇਕੱਲਾ ਗਿਆ ਤਾਂ ਹਜ਼ੂਰ علیہ السلام ਨੇ ਮੰਜੀ ਦੇ **ਸਿਰਹਾਣੇ** ਵੱਲ ਮੈਨੂੰ ਬਿਠਾਇਆ ਅਤੇ **ਪੈਂਦਾਂ** ਵੱਲ ਖ਼ੁਦ ਬੈਠ ਗਏ।

ਹਜ਼ੂਰ علیہ السلام ਫ਼ਰਮਾਉਂਦੇ ਹਨ: ਮੇਰੀ ਤਾਂ ਇਹ ਹਾਲਤ ਹੈ ਕਿ ਜੇਕਰ ਕਿਸੇ ਨੂੰ ਦਰਦ ਹੁੰਦਾ ਹੋਵੇ ਅਤੇ ਮੈਂ ਨਮਾਜ਼ ਵਿੱਚ **ਮਸਰੂਫ਼** ਹੋਵਾਂ, ਮੇਰੇ ਕੰਨ ਵਿੱਚ ਉਸ ਦੀ ਆਵਾਜ਼ ਪਹੁੰਚ ਜਾਵੇ ਤਾਂ ਮੈਂ ਚਾਹੁੰਦਾ ਹਾਂ ਕਿ ਨਮਾਜ਼ ਤੋੜ ਕੇ ਵੀ ਜੇਕਰ ਉਸ ਨੂੰ ਫ਼ਾਇਦਾ ਪਹੁੰਚਾ ਸਕਦਾ ਹਾਂ ਤਾਂ ਪਹੁੰਚਾਵਾਂ ਅਤੇ ਜਿੱਥੋਂ ਤੱਕ ਮੁਮਕਿਨ ਹੈ ਉਸ ਨਾਲ਼ **ਹਮ-ਦਰਦੀ** ਕਰਾਂ। ਇਹ ਅਖ਼ਲਾਕ਼ ਦੇ ਖ਼ਿਲਾਫ਼ ਹੈ ਕਿ ਕਿਸੇ ਭਾਈ ਦੀ ਮੁਸੀਬਤ ਅਤੇ ਤਕਲੀਫ਼ ਵਿੱਚ ਉਸ ਦਾ ਸਾਥ ਨਾ ਦਿੱਤਾ ਜਾਵੇ। ਜੇਕਰ ਤੁਸੀਂ ਕੁੱਝ ਵੀ ਉਸ ਦੇ ਲਈ ਨਹੀਂ ਕਰ ਸਕਦੇ ਤਾਂ ਘੱਟੋ ਘੱਟ **ਦੁਆ** ਹੀ ਕਰੋ। ਆਪਣੇ ਤਾਂ ਇੱਕ ਪਾਸੇ, ਮੈਂ ਤਾਂ ਕਹਿੰਦਾ ਹਾਂ ਕਿ ਗ਼ੈਰਾਂ ਅਤੇ ਹਿੰਦੂਆਂ ਦੇ ਨਾਲ਼ ਵੀ ਅਜਿਹੇ ਅਖ਼ਲਾਕ਼ ਦਾ ਨਮੂਨਾ ਦਿਖਾਓ ਕਿ ਉਨ੍ਹਾਂ ਨਾਲ਼ ਹਮਦਰਦੀ ਕਰੋ। **ਲਾਪਰਵਾਹੀ** ਦਾ ਮਿਜ਼ਾਜ ਹਰਗਿਜ਼ ਨਹੀਂ ਹੋਣਾ ਚਾਹੀਦਾ।

ਹਜ਼ਰਤ ਮਿਰਜ਼ਾ ਬਸ਼ੀਰ ਅਹਿਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ: ਹਜ਼ੂਰ علیہ السلام ਜਦ ਕਿਸੇ ਨਾਲ਼ ਮਿਲ਼ਦੇ ਤਾਂ ਮੁਸਕਰਾਉਂਦੇ ਹੋਏ ਮਿਲ਼ਦੇ ਕਿ ਉਸ ਦੀ ਸਾਰੀ **ਥਕਾਵਟ** ਦੂਰ ਹੋ ਜਾਂਦੀ। ਆਪ علیہ السلام ਦੀ ਖ਼ੁਸ਼ੀ ਦੇਖ ਕੇ ਹਰ ਅਹਮਦੀ **ਮਹਿਸੂਸ** ਕਰਦਾ ਕਿ ਆਪ علیہ السلام ਦੀ **ਮਜਲਿਸ** ਵਿੱਚ ਜਾ ਕੇ ਦਿਲ ਦੇ ਸਾਰੇ ਗ਼ਮ ਧੁਪ ਜਾਂਦੇ ਹਨ। ਆਪ علیہ السلام ਦੀ ਆਦਤ ਸੀ ਕਿ ਛੋਟੇ ਤੋਂ ਛੋਟੇ ਆਦਮੀ ਦੀ ਗੱਲ ਵੀ ਤਵੱਜੋ ਨਾਲ਼ ਸੁਣਦੇ ਸਨ ਅਤੇ ਬੜੀ ਮੁਹੱਬਤ ਨਾਲ਼ ਜਵਾਬ ਦਿੰਦੇ ਸਨ। ਹਰ ਆਦਮੀ ਆਪਣੀ ਜਗ੍ਹਾ ਸਮਝਦਾ ਸੀ ਕਿ ਹਜ਼ੂਰ علیہ السلام ਨੂੰ ਉਸ ਨਾਲ਼ ਜ਼ਿਆਦਾ **ਮੁਹੱਬਤ** ਹੈ। ਮਜਲਿਸ ਵਿੱਚ ਕਈ ਵਾਰ ਮਜਲਿਸ ਦੇ ਅਦਬ ਦਾ ਖ਼ਿਆਲ ਨਾ ਰੱਖਣ ਵਾਲ਼ੇ ਲੋਕ ਵੀ ਦੇਰ ਤੱਕ ਆਪਣੀਆਂ ਗੱਲਾਂ ਸੁਣਾਉਂਦੇ ਰਹਿੰਦੇ ਅਤੇ ਹਜ਼ੂਰ علیہ السلام ਖ਼ਾਮੋਸ਼ੀ ਨਾਲ਼ ਸੁਣਦੇ ਰਹਿੰਦੇ। ਕਦੇ ਕਿਸੇ ਨੂੰ ਨਾ ਕਹਿੰਦੇ ਕਿ ਬਸ ਕਰੋ। ਇੱਕ ਸ਼ਖ਼ਸ ਆਪ علیہ السلام ਦੀ ਖ਼ਿਦਮਤ ਵਿੱਚ ਆਇਆ। ਉਸ ਨੇ ਸਿਰ ਥੱਲੇ ਝੁਕਾ ਕੇ ਆਪ علیہ السلام ਦੇ ਪੈਰਾਂ 'ਤੇ ਰੱਖਣਾ ਚਾਹਿਆ। ਹਜ਼ੂਰ علیہ السلام ਨੇ ਹੱਥ ਦੇ ਨਾਲ਼ ਉਸ ਦੇ ਸਿਰ ਨੂੰ ਹਟਾਇਆ ਅਤੇ ਫ਼ਰਮਾਇਆ ਕਿ ਇਹ ਤਰੀਕ਼ਾ ਜਾਇਜ਼ ਨਹੀਂ। ਅੱਸਲਾਮੁ ਅਲੈਕੁਮ (اَلسَّلَامُ عَلَيْكُمْ) ਕਹਿਣਾ ਅਤੇ ਹੱਥ ਮਿਲਾਉਣਾ ਚਾਹੀਦਾ ਹੈ।

ਇੱਕ ਸ਼ਖ਼ਸ ਜਿਹੜਾ **ਫ਼ਕ਼ੀਰਾਂ** ਅਤੇ **ਦਰਗਾਹਾਂ** 'ਤੇ ਬੈਠਣ ਵਾਲਿਆਂ ਦਾ ਦੀਵਾਨਾ ਸੀ, ਸਾਡੀ ਮਸਜਿਦ ਵਿੱਚ ਆਇਆ। ਲੋਕਾਂ ਨੂੰ ਆਜ਼ਾਦੀ ਨਾਲ਼ ਗੱਲਾਂ ਕਰਦੇ ਦੇਖ ਕੇ ਹੈਰਾਨ ਹੋ ਗਿਆ। ਆਪ علیہ السلام ਨੂੰ ਕਿਹਾ ਕਿ ਆਪ علیہ السلام ਦੀ ਮਸਜਿਦ ਵਿੱਚ ਅਦਬ ਨਹੀਂ ਹੈ। ਲੋਕ ਆਪ علیہ السلام ਨਾਲ਼ ਬਿਨਾ ਰੋਕ ਟੋਕ ਗੱਲ ਬਾਤ ਕਰਦੇ ਹਨ। ਆਪ علیہ السلام ਨੇ ਫ਼ਰਮਾਇਆ: ਮੇਰਾ ਧਰਮ ਨਹੀਂ ਕਿ ਮੈਂ ਅਜਿਹਾ **ਭੈੜਾ** ਅਤੇ **ਭਿਆਨਕ** ਬਣ ਕੇ ਬੈਠਾਂ ਕਿ ਲੋਕ ਮੇਰੇ ਤੋਂ ਇਵੇਂ ਡਰਨ ਜਿਵੇਂ ਦਰਿੰਦੇ ਤੋਂ ਡਰਦੇ ਹਨ। ਮੈਂ ਬੁੱਤ ਬਣਨ ਤੋਂ ਸਖ਼ਤ ਨਫ਼ਰਤ ਰੱਖਦਾ ਹਾਂ। ਮੈਂ ਤਾਂ ਬੁੱਤ ਪ੍ਰਸਤੀ ਨੂੰ ਰੱਦ ਕਰਨ ਆਇਆ ਹਾਂ ਨਾ ਇਹ ਕਿ ਮੈਂ ਖ਼ੁਦ ਬੁੱਤ ਬਣਾਂ ਅਤੇ ਲੋਕ ਮੇਰੀ ਪੂਜਾ ਕਰਨ। ਅੱਲਾਹ ਤਆਲਾ ਬਿਹਤਰ ਜਾਣਦਾ ਹੈ ਕਿ ਮੈਂ ਆਪਣੇ ਨਫ਼ਸ ਨੂੰ ਦੂਸਰਿਆਂ 'ਤੇ ਰਤਾ ਵੀ **ਤਰਜੀਹ** ਨਹੀਂ ਦਿੰਦਾ। ਮੇਰੇ ਨਜ਼ਦੀਕ ਹਉਮੈ ਕਰਨ ਵਾਲ਼ੇ ਸ਼ਖ਼ਸ ਤੋਂ ਜ਼ਿਆਦਾ ਕੋਈ ਬੁੱਤ ਪ੍ਰਸਤ ਅਤੇ **ਖ਼ਬੀਸ** ਨਹੀਂ। ਹਉਮੈ ਕਰਨ ਵਾਲ਼ਾ ਕਿਸੇ ਖ਼ੁਦਾ ਦੀ ਪ੍ਰਸਤਿਸ਼ ਨਹੀਂ ਕਰਦਾ ਬਲਕਿ ਉਹ ਆਪਣੀ ਪ੍ਰਸਤਿਸ਼ ਕਰਦਾ ਹੈ।

ਹਜ਼ਰਤ ਸ਼ੇਖ ਅਬਦੁਲ ਕ਼ਾਦਿਰ ਸਾਹਿਬ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ ਹਜ਼ਰਤ ਮਿਰਜ਼ਾ ਸੁਲਤਾਨ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਫ਼ਰਮਾਇਆ ਕਰਦੇ ਸਨ ਕਿ ਵਾਲਿਦ ਸਾਹਿਬ علیہ السلام ਨੇ ਆਪਣੀ ਉਮਰ ਇੱਕ **ਮੁਗ਼ਲ** ਦੇ ਤੌਰ 'ਤੇ ਨਹੀਂ ਗੁਜ਼ਾਰੀ ਬਲਕਿ **ਫ਼ਕ਼ੀਰ** ਦੇ ਤੌਰ 'ਤੇ ਗੁਜ਼ਾਰੀ ਹੈ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ: ਤਕ਼ਵਾ ਵਾਲਿਆਂ ਦੇ ਲਈ ਇਹ ਸ਼ਰਤ ਹੈ ਕਿ ਉਹ ਆਪਣੀ ਜ਼ਿੰਦਗੀ **ਗ਼ੁਰਬਤ** ਅਤੇ **ਮਿਸਕੀਨੀ** ਵਿੱਚ ਗੁਜ਼ਾਰਨ। ਇਹ ਤਕ਼ਵਾ ਦੀ ਇੱਕ ਸ਼ਾਖ਼ ਹੈ ਜਿਸ ਦੇ ਜ਼ਰੀਆ ਅਸੀਂ ਨਾ ਜਾਇਜ਼ ਗ਼ੁੱਸੇ ਦਾ ਮੁਕ਼ਾਬਲਾ ਕਰਨਾ ਹੈ। ਵੱਡੇ ਵੱਡੇ **ਆਰਿਫ਼** (ਬ੍ਰਹਮ ਗਿਆਨੀ) ਅਤੇ **ਸਿੱਦੀਕ਼ਾਂ** (ਸੱਚਿਆਂ) ਦੇ ਲਈ ਆਖ਼ਰੀ ਕੜੀ ਗ਼ੁੱਸੇ ਤੋਂ ਬਚਣਾ ਹੀ ਹੈ। ਹਉਮੈ ਗ਼ੁੱਸੇ ਤੋਂ ਪੈਦਾ ਹੁੰਦੀ ਹੈ। ਅਜਿਹਾ ਹੀ ਕਦੀ ਖ਼ੁਦ ਗ਼ੁੱਸਾ ਵੀ **ਹਉਮੈ** ਦਾ

ਨਤੀਜਾ ਹੁੰਦਾ ਹੈ ਕਿਉਂਕਿ ਗ਼ੁੱਸਾ ਉਸ ਵੇਲ਼ੇ ਹੋਵੇਗਾ ਜਦ ਇਨਸਾਨ ਆਪਣੇ ਆਪ ਨੂੰ ਦੂਸਰਿਆਂ ‘ਤੇ ਤਰਜੀਹ ਦੇਵੇਗਾ। ਮੈਂ ਨਹੀਂ ਚਾਹੁੰਦਾ ਕਿ ਮੇਰੀ ਜਮਾਅਤ ਵਾਲ਼ੇ ਆਪਸ ਵਿੱਚ ਇੱਕ ਦੂਸਰੇ ਨੂੰ ਛੋਟਾ ਜਾਂ ਵੱਡਾ ਸਮਝਣ ਜਾਂ ਇੱਕ ਦੂਸਰੇ ‘ਤੇ **ਗ਼ੁਰੂਰ** ਕਰਨ ਜਾਂ **ਹੀਣੀ** ਨਿਗਾਹ ਨਾਲ਼ ਦੇਖਣ। ਖ਼ੁਦਾ ਜਾਣਦਾ ਹੈ ਕਿ ਵੱਡਾ ਕੌਣ ਹੈ ਜਾਂ ਛੋਟਾ ਕੌਣ ਹੈ। ਕੁੱਝ ਆਦਮੀ ਵੱਡਿਆਂ ਨੂੰ ਮਿਲ਼ ਕੇ ਬੜੇ ਅਦਬ ਨਾਲ਼ ਪੇਸ਼ ਆਉਂਦੇ ਹਨ ਪਰ ਵੱਡਾ ਉਹ ਹੈ ਜਿਹੜਾ ਮਿਸਕੀਨ ਦੀ ਗੱਲ ਨੂੰ **ਮਿਸਕੀਨੀ** ਨਾਲ਼ ਸੁਣੇ, ਉਸ ਦੀ **ਦਿਲਜੋਈ** ਕਰੇ, ਉਸ ਦੀ ਗੱਲ ਦੀ **ਇੱਜ਼ਤ** ਕਰੇ, ਕੋਈ **ਚਿੜ** ਦੀ ਗੱਲ ਮੂੰਹ ‘ਤੇ ਨਾ ਲਿਆਵੇ ਕਿ ਜਿਸ ਨਾਲ਼ **ਦੁੱਖ** ਪਹੁੰਚੇ। ਖ਼ੁਦਾ ਤਆਲਾ ਫ਼ਰਮਾਉਂਦਾ ਹੈ وَلَا تَنَابَزُوْا بِالْأَلْقَابِ ۭ بِئْسَ الِاسْمُ الْفُسُوْقُ بَعْدَ الْاِيْمَانِ ۚ وَمَنْ لَّمْ يَتُبْ فَاُولٰۗىِٕكَ هُمُ الظّٰلِمُوْنَ ۞

ਆਪ ﷺ ਫ਼ਰਮਾਉਂਦੇ ਹਨ ਕਿ ਤੁਸੀਂ ਇੱਕ ਦੂਸਰੇ ਦਾ ਚਿੜ ਕੇ ਨਾਮ ਨਾ ਲਵੋ, ਇਹ ਕੰਮ **ਗੁਨਾਹਗਾਰਾਂ** ਦਾ ਹੁੰਦਾ ਹੈ। ਜਿਹੜਾ ਸ਼ਖ਼ਸ ਕਿਸੇ ਨੂੰ ਚਿੜਾਉਂਦਾ ਹੈ, ਉਹ ਨਹੀਂ ਮਰੇਗਾ ਜਦ ਤੱਕ ਉਹ ਖ਼ੁਦ ਇਸੇ ਤਰ੍ਹਾਂ ਨਾ ਹੋਵੇਗਾ। ਆਪਣੇ ਭਾਈਆਂ ਨੂੰ **ਹੀਣਾ** ਨਾ ਸਮਝੋ। ਜਦ ਇਹ ਕੀ ਚਸ਼ਮੇ ‘ਚੋਂ ਸਾਰੇ ਪਾਣੀ ਪੀਂਦੇ ਹੋ ਤਾਂ ਕੌਣ ਜਾਣਦਾ ਹੈ ਕਿ ਕਿਸ ਦੀ ਕ਼ਿਸਮਤ ਵਿੱਚ ਜ਼ਿਆਦਾ ਪਾਣੀ ਪੀਣਾ ਹੈ।

ਅੱਲਾਹ ਤਆਲਾ ਸਾਨੂੰ ਹਕ਼ੀਕ਼ੀ ਤੌਰ ‘ਤੇ **ਨਿਮਰਤਾ** ਪੈਦਾ ਕਰਨ ਦੀ ਤੌਫ਼ੀਕ਼ ਅਤਾ ਫ਼ਰਮਾਵੇ ਅਤੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਬੈਅਤ ਵਿੱਚ ਆ ਕੇ ਅਸੀਂ ਹਕ਼ੀਕ਼ੀ ਇਸਲਾਮ ਦੀ ਤਾਲੀਮ ‘ਤੇ **ਅਮਲ** ਕਰਨ ਵਾਲ਼ੇ ਹੋਈਏ ਅਤੇ ਉਸ ਦਾ **ਹੱਕ਼** ਅਦਾ ਕਰਨ ਵਾਲ਼ੇ ਹੋਈਏ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞